*This question paper contains 4 printed pages.]*

**1047A** *Your Roll No. .......................*

**B.Com. (Hons.) / Sem. II** **B**

(T)

Paper CH-2.5– PUNJABI (B)

(Admissions of 2011 and onwards)

*Time : 3 Hours* *Maximum Marks : 75*

*(Write your Roll No. on the top immediately on receipt of this question paper.)*

ਨੋਟ: ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਲੋਕ ਕਥਾ ਦੀ ਪਰਿਭਾਸ਼ਾ ਕਰਦੇ ਹੋਏ, ਮਿਥ, ਦੰਤ ਤੇ ਨੀਤੀ-ਕਥਾ ਆਦਿ ਦੀ ਚਰਚਾ ਕਰੋ।

ਜਾਂ

'ਬਾਤਾਂ ਮੁੱਢ ਕਦੀਮ ਦੀਆਂ ਪੁਸਤਕ ਦੀ ਭੂਮਿਕਾ ਨੂੰ ਆਪਣੇ ਸ਼ਬਦਾਂ ਵਿੱਚ ਵਿਚਾਰੋ ? 15

2. 'ਬਾਤਾਂ ਮੁੱਢ ਕਦੀਮ ਦੀਆਂ ਪੁਸਤਕ ਵਿੱਚੋਂ ਤੁਹਾਨੂੰ ਕਿਹੜੀ 'ਬਾਤ' ਜਾਂ 'ਪਰੀ ਕਥਾ' ਚੰਗੀ ਲੱਗੀ ਅਤੇ ਕਿਉਂ? ਚਰਚਾ ਕਰੋ।

[P.T.O.

ਜਾਂ

'ਬਾਤਾਂ ਮੁੱਢ ਕਦੀਮ ਦੀਆਂ' ਪੁਸਤਕ ਵਿੱਚੋਂ ਕਿਸੇ ਇੱਕ ਚਲਿਤ੍ਰ ਕਥਾ, ਨੀਤੀ ਕਥਾ ਜਾਂ ਜਨੌਰ ਕਥਾ ਦਾ ਆਲੋਚਨਾਤਮਿਕ ਅਧਿਐਨ ਕਰੋ। 15

3. ਹੇਠ ਲਿਖੇ ਛੋਟੇ ਪ੍ਰਸ਼ਨਾਂ ਵਿੱਚੋਂ ਪੰਜ ਦਾ 50 ਸ਼ਬਦਾਂ ਵਿੱਚ ਉੱਤਰ ਦਿਓ।

ੳ. 'ਮਾਇਆ ਅਤੇ ਕਰਮ' ਬਾਤ ਵਿੱਚੋਂ ਕੌਣ ਜ਼ਿਆਦਾ ਸ਼ਕਤੀਵਾਨ ਸੀ ਤੇ ਕਿਵੇਂ।

ਅ. ਚਲਿਤ੍ਰ ਕਥਾ ਦੀ ਪ੍ਰੀਭਾਸ਼ਾ ਦਿਓ।

ੲ. ਜਨੌਰ ਕਥਾ 'ਸ਼ੇਰ ਤੇ ਬ੍ਰਾਹਮਣ' ਵਿਚਲਾ ਸੰਦੇਸ਼ ਲਿਖੋ।

ਸ. ਮੁੱਢੀਆਂ ਕਿਸ ਨੂੰ ਆਖਦੇ ਹਨ?

ਹ. 'ਇੱਕ ਖਾਵਾਂ ਕਿ ਦੋ ਖਾਵਾਂ' ਬਾਤ ਵਿੱਚ ਮਖੱਟੂ ਨੂੰ ਸਭ ਤੋਂ ਪਹਿਲਾਂ ਪਰੀਆਂ ਨੇ ਕੀ ਦਿੱਤਾ?

ਕ. 'ਲੂਣ ਦਾ ਘਰ' ਜਨੌਰ ਕਥਾ ਤੋਂ ਕੀ ਸਿੱਖਿਆ ਮਿਲਦੀ ਹੈ?

ਖ. ਪਰੀ ਕਥਾ ਕਿਸ ਨੂੰ ਆਖਦੇ ਹਨ?

ਗ. ਚੰਦਰੀ ਸੰਗਤ ਨੀਤੀ ਕਥਾ ਦਾ ਸੰਦੇਸ਼ ਆਪਣੇ ਸ਼ਬਦਾਂ ਵਿੱਚ ਲਿਖੋ? 10

4. ਮੁਹੱਲੇ ਵਿੱਚ ਵੱਧ ਰਹੀ ਗੁੰਡਾਗਰਦੀ ਨੂੰ ਰੋਕਣ ਲਈ ਪੁਲਿਸ ਕਮਿਸ਼ਨਰ ਨੂੰ ਪੱਤਰ ਲਿਖੋ?

ਜਾਂ

ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਪੱਤਰ ਲਿਖ ਕੇ ਕਾਲਜ ਵਿੱਚ ਵਿਦਿਆਰਥੀਆਂ ਦੀਆਂ ਸਮੱਸਿਆਂਵਾਂ ਬਾਰੇ ਜਾਣੂ ਕਰਾਓ ।

ਜਾਂ

ਆਪਣੇ ਦੋਸਤ ਨੂੰ ਪੱਤਰ ਰਾਹੀਂ ਉਸਦੇ ਪਿਤਾ ਜੀ ਦੀ ਮੌਤ ਉੱਪਰ ਸ਼ੋਕ ਪ੍ਰਗਟ ਕਰੋ। 15

5. ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰੋ :-

ਕਿਯੋਂ, ਕਹਾਨੀ, ਬਹਾਦੂਰ, ਲਯ, ਪੂਜਯ, ਬਸਤ, ਬਡਿਆਈ, ਬਰਖਾ, ਆਤਮਿਕ, ਪਾਨੀ

ਜਾਂ

ਸ਼ਬਦ ਜੋੜਾਂ ਦੇ ਕੋਈ ਪੰਜ ਨੇਮ ਲਿਖੋ । 10

6. ਹੇਠ ਲਿਖੇ ਵਾਕਾਂ 'ਚੋਂ ਕੋਈ ਪੰਜ ਦਾ ਵਟਾਂਦਰਾ ਲਿੰਗ ਬਦਲ ਕੇ ਲਿਖੋ।

ੳ. ਇਹ ਮੁੰਡਾ ਬੜਾ ਸ਼ਰਾਰਤੀ ਹੈ।

ਅ. ਜੱਟ ਰੋਟੀ ਖਾ ਰਿਹਾ ਹੈ।

ੲ. ਭੈਣ ਨੇ ਚਿੱਠੀ ਲਿਖੀ।

ਸ. ਪੇੜ 'ਤੇ ਬਾਂਦਰ ਬੈਠਾ ਹੈ।

ਹ. ਮਾਸਟਰ ਕੁਰਸੀ 'ਤੇ ਬੈਠਾ ਹੈ।

ਕ. ਰਾਜਾ ਨੇਕ ਦਿੱਲ ਇਨਸਾਨ ਹੈ। 5

7. ਹੇਠ ਲਿਖੇ ਵਾਕਾਂ 'ਚੋਂ ਕੋਈ ਪੰਜ ਦਾ ਵਟਾਂਦਰਾ ਵਚਨ ਬਦਲ ਕੇ ਲਿਖੋ:

ੳ. ਪਤੰਗ ਉੱਡ ਰਹੀ ਹੈ।

ਅ. ਬਾਗ ਵਿੱਚ ਬੱਚਾ ਖੇਡ ਰਿਹਾ ਹੈ।

ੲ. ਮੇਜ਼ 'ਤੇ ਪੁਸਤਕ ਪਈ ਹੈ।

ਸ. ਆਕਾਸ਼ ਵਿੱਚ ਤਾਰਾ ਚਮਕਦਾ ਹੈ।

ਹ. ਉਸਨੇ ਕਾਗਜ਼ ਦਾ ਟੋਟਾ ਕਰ ਦਿੱਤਾ।

ਕ. ਮਾਸਟਰ ਨੇ ਰਾਮ ਨੂੰ ਡੰਡਾ ਮਾਰਿਆ।

ਖ. ਉਸ ਦੇ ਹੱਥ ਵਿੱਚ ਛੁਰਾ ਹੈ। 5